**BUDHA DAL PUBLIC SCHOOL PATIALA**
**First Term Examination (15 September 2023)**
**Class - VIII**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਜੰਗਲ ਕੁਦਰਤ ਦੀ ਇੱਕ ਵੱਡਮੁੱਲੀ ਦਾਤ ਹਨ। ਮਨੁੱਖ ਦਾ ਸਮੁੱਚਾ ਜੀਵਨ ਕਿਸੇ ਨਾ ਕਿਸੇ ਰੂਪ ਵਿੱਚ ਜੰਗਲਾਂ ਨਾਲ ਜੁੜਿਆ ਹੋਇਆ ਹੈ। ਜੰਗਲਾਂ ਦੇ ਸਾਨੂੰ ਅਣਗਿਣਤ ਲਾਭ ਹਨ। ਜੰਗਲ ਹੜਾਂ ਤੋਂ ਬਚਾਅ ਕਰਦੇ ਹਨ। ਜੰਗਲਾਂ ਤੋਂ ਕਈ ਕਿਸਮ ਦੀ ਲੱਕੜ ਮਿਲਦੀ ਹੈ। ਲੱਕੜ ਦੀਆਂ ਬਣੀਆਂ ਸਾਰੀਆਂ ਚੀਜ਼ਾਂ ਰੁੱਖਾਂ ਦੀ ਹੀ ਦੇਣ ਹਨ। ਜੰਗਲਾਂ ਤੋਂ ਤਾਰਪੀਨ, ਸੰਦਲ ਤੇ ਗੰਦਾ ਬਰੋਜ਼ਾ ਆਦਿ ਤੇਲ ਵੀ ਮਿਲਦਾ ਹੈ। ਰਬੜ ਅਤੇ ਸ਼ਹਿਦ ਵੀ ਜੰਗਲਾਂ ਤੋਂ ਮਿਲਦਾ ਹੈ। ਜੰਗਲੀ ਜੜ੍ਹੀ ਬੂਟੀਆਂ ਅਨੇਕਾਂ ਦਵਾਈਆਂ ਬਣਾਉਣ ਦੇ ਕੰਮ ਆਉਂਦੀਆਂ ਹਨ। ਕਾਗਜ਼ ਤਿਆਰ ਕਰਨ ਦੇ ਕਾਰਖ਼ਾਨੇ, ਗੰਦਾ ਬਰੋਜ਼ਾ ਸਾਫ਼ ਕਰਨ ਦੇ ਕਾਰਖ਼ਾਨੇ, ਤੀਲ੍ਹਾਂ ਦੀਆਂ ਡੱਬੀਆਂ ਤਿਆਰ ਕਰਨੀਆਂ, ਰਬੜ, ਖੇਡਾਂ ਤੇ ਫ਼ਰਨੀਚਰ ਆਦਿ ਸਭ ਜੰਗਲਾਂ ਉੱਤੇ ਨਿਰਭਰ ਕਰਦੇ ਹਨ। ਜੰਗਲੀ ਰੁੱਖ ਹਵਾ ਨੂੰ ਸਾਫ਼ ਕਰਦੇ ਹਨ, ਜੰਗਲੀ ਜਾਨਵਰਾਂ ਨੂੰ ਸ਼ਰਨ ਦਿੰਦੇ ਹਨ ਅਤੇ ਕੁਦਰਤ ਦੀਆਂ ਅਨਮੋਲ ਦਾਤਾਂ ਸਾਂਭ ਕੇ ਰੱਖਦੇ ਹਨ। ਜਿਸ ਦੇਸ਼ ਵਿੱਚ ਜਿੰਨੇ ਵੱਧ ਜੰਗਲ ਹੋਣਗੇ, ਉਹ ਦੇਸ਼ ਉਨ੍ਹਾਂ ਹੀ ਖ਼ੁਸ਼ਹਾਲ ਹੋਵੇਗਾ।

ੳ) ਜੰਗਲ ਕਿਸ ਦੀ ਦਾਤ ਹਨ?


ਅ) ਜੰਗਲੀ ਜੜ੍ਹੀ ਬੂਟੀਆਂ ਕਿਸ ਦੇ ਕੰਮ ਆਉਂਦੀਆਂ ਹਨ?

ੲ) ਹਵਾ ਨੂੰ ਕੌਣ ਸਾਫ਼ ਰੱਖਦਾ ਹੈ?

ਸ) ਜਿਸ ਦੇਸ਼ ਵਿੱਚ ਜਿੰਨੇ ਵੱਧ ਜੰਗਲ ਹੋਣਗੇ, ਉਹ ਦੇਸ਼ ਕਿੰਨ੍ਹਾਂ ਕੀ ਹੋਵੇਗਾ?

ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ। (3)



A-1

Scanned by Scanner Go

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:

ੳ) ਅੱਖਾਂ ਵਿੱਚ ਲਹੂ ਉਤਰਨਾ (1×2=2)

ਅ) ਸਿਰ ਤਲੀ ਤੇ ਧਰਨਾ

2) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ: (1×2=2)

ੳ) ਉਚੀ ਦੁਕਾਨ ਫਿੱਕਾ ਪਕਵਾਨ

ਅ) ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (½×4=2)

ਘੁਮਿਆਰ, ਵਕੀਲ, ਅਧਿਆਪਕ, ਸਾਹਿਬ

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (½×4=2)

ਦੁਰਘਟਨਾ, ਚਿੱਠੀ, ਪੰਜਾਬਣ, ਸਾਡਾ

5) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (1×2=2)

ਅਤਿ, ਲਾ

6) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (1×2=2)

ਆਈ, ਹੀਣ

7) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (1×2=2)

ੳ) ਆਪਣੇ ਜੀਵਨ ਦਾ ਲਿਖਿਆ ਹਾਲ

ਅ) ਘਰ ਵਿੱਚ ਪਹਿਲਾਂ ਜੰਮਿਆ ਬੱਚਾ

8) ਹੇਠ ਲਿਖੇ ਸਮਾਨਾਰਥਕ ਸ਼ਬਦਾਂ ਦੇ ਦੋ - ਦੋ ਸ਼ਬਦ ਬਣਾਉ: (1×2=2)

ਉਮੰਗ, ਖ਼ਰਾਬ

9) ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ ਵਾਕ ਬਣਾਉ: (1×2=2)

ਹਾਲ

10) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (½×4=2)

ਗਿਯਾਨ, ਜਾਨਾ, ਸੈਂਹਦਾ, ਅਨਦਰ

11) ਹੇਠ ਲਿਖੇ ਵਾਕਾਂ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1)

ਅਧਿਆਪਕ ਨੇ ਕਿਹਾ ਸ਼ਾਬਾਸ਼ ਬੱਚਿਉ ਤੁਸੀਂ ਮੈਂਚ ਜਿੱਤ ਲਿਆ

12) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਸ਼ਬਦ ਚੁਣ ਕੇ ਉਸ ਦੀ ਕਿਸਮ ਲਿਖੋ: (1)

ਵਿਦਿਆਰਥੀ ਭੰਗੜਾ ਪਾਉਂਦੇ ਹਨ।

13) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਮੈਂ ਬਿਮਾਰ ਸਾਂ ਇਸ ਲਈ ਸਕੂਲ ਨਹੀਂ ਆਇਆ।

14) ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਅਧਿਆਪਕ ਪੜਾਉਂਦਾ ਹੈ।

A-2

Scanned by Scanner Go

## ਪਾਠ ਪੁਸਤਕਾਂ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਪੰਜ):** (1×5=5)

ੳ) ਵੱਡੇ - ਵੱਡੇ ਵਿਦਵਾਨ ਕਿਸ ਕਾਰਨ ਬਣਦੇ ਹਨ?

ਅ) ਮਰਦਾਨੀ ਔਰਤ ਦਾ ਨਾਮ ਕੀ ਸੀ?

ੲ) ਈਸਾ ਮਸੀਹ ਤੋਂ ਪਹਿਲਾਂ ਪੱਗ ਕੌਣ ਬੰਨ੍ਹਦੇ ਸਨ?

ਸ) ਦੇਸ਼ ਲਈ ਕੁਰਬਾਨ ਹੋਣ ਦਾ ਜਜ਼ਬਾ ਕਿੰਨ੍ਹਾਂ ਕੋਲ ਹੈ?

ਹ) ਚੌਧਰੀ ਨੇ ਬਾਬੇ ਨੂੰ ਕਿਸ ਦੀ ਹੌਸਲਾ ਅਫ਼ਜਾਈ ਕਰਨ ਲਈ ਕਿਹਾ?

ਕ) ਪੰਜਾਬੀ ਕਿਸ ਵਿਰੁਧ ਟੱਕਰ ਲੈਣ ਲਈ ਪਿੱਛੇ ਨਹੀਂ ਹਟਦੇ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 - 6 ਸਤਰਾਂ ਵਿੱਚ ਦਿਉ: (ਕੋਈ ਪੰਜ)** (6×3=18)

ੳ) ਰਾਕੇਸ਼ ਨੇ ਸਕੂਲ ਮੁਖੀ ਨੂੰ ਕੀ ਦੱਸਿਆ?

ਅ) 'ਪੀਲੀਆਂ ਪੱਗਾਂ ਦਾ ਵਿਦਰੋਹ' ਬਾਰੇ ਸੰਖੇਪ ਜਾਣਕਾਰੀ ਦਿਉ।

ੲ) ਪਹਿਲਵਾਨ ਨੇ ਬਾਬੇ ਦੀ ਭੈਣ ਨਾਲ ਕਿਹੋ ਜਿਹਾ ਵਰਤਾਉ ਕੀਤਾ?

ਸ) ਹਮਲਾ ਕਰਨ ਤੋਂ ਪਹਿਲਾਂ ਅਫ਼ਗਾਨ ਕੀ ਸੋਚਦੇ ਸਨ?

ਹ) ਪੰਜਾਬ ਵਿੱਚ ਵਸਦੇ ਲੋਕਾਂ ਦੇ ਨਾਚ, ਰਹਿਣ-ਸਹਿਣ ਅਤੇ ਭਾਈਚਾਰੇ ਸੰਬੰਧੀ ਵਿਚਾਰ ਪੇਸ਼ ਕਰੋ।

ਕ) ਬਾਬੇ ਦੁਆਰਾ ਕਿੱਕਰ ਦੀ ਗੇਲੀ ਚੁੱਕ ਕੇ ਲਿਆਉਣ ਵਾਲੀ ਘਟਨਾ ਦਾ ਬਿਆਨ ਕਰੋ।

ਖ) ਨਿਰਮਲ ਕਿਹੋ ਜਿਹੀਆਂ ਗਲਤ ਆਦਤਾਂ ਦਾ ਸ਼ਿਕਾਰ ਸੀ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** (4×1=4)

ਸ਼ਹੀਦ, ਸੁਆਣੀਆਂ, ਮਿਸ਼ਰੀ, ਲਾਡਲਾ

**4) ਖਾਲੀ ਥਾਵਾਂ ਭਰੋ:** (2×1=2)

ੳ) ਸਿੱਖ ਧਰਮ ਦੇ ਸਾਰੇ ਗੁਰੂ .............. ਸਜਾਉਂਦੇ ਸਨ।

ਅ) ਸ਼ਾਮ ਨੂੰ ਬਾਹਰ ਜਾਣ ਵੇਲੇ ਰਾਹ ਵਿੱਚ ਇੱਕ ਪਹਿਲਵਾਨ .......... ਚੁੱਕਦਾ ਦੇਖਿਆ।

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (2×1=2)

ਦੇਸ਼ ਵਤਨ ਦੀ ਮਿੱਟੀ ਦੇ ਲਈ,<br>
ਕੁਦਰਤ ਬੜੀ ਦਿਆਲ ਹੋਈ<br>
ਪੰਜ ਪਾਣੀਆਂ ਨਾਲ ਪਲੀ ਜੋ,<br>
ਧਰਤੀ ਇਹ ਖੁਸ਼ਹਾਲ ਹੋਈ<br>
ਸੋਨੇ ਰੰਗੀਆਂ ਫ਼ਸਲਾਂ ਦਾ,<br>
ਇਹਦੇ ਖੇਤਾਂ ਵਿੱਚ ਲਿਸ਼ਕਾਰਾ ਏ<br>
ਸਾਨੂੰ ਪੰਜਾਬ ਪਿਆਰਾ ਏ।

ੳ) ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) ਪੰਜਾਬ ਦੇ ਖੇਤਾਂ ਵਿੱਚ ਲਿਸ਼ਕਾਰੇ ਕਿਸ ਦੇ ਪਏ ਹਨ?



Scanned by Scanner Go

6) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ: (2×1=2)

"ਬੱਚੇ 'ਚ ਸੁਧਾਰ ਦੀ ਆਸ ਸਾਨੂੰ ਹਮੇਸ਼ਾ ਰੱਖਣੀ ਚਾਹੀਦੀ ਹੈ। ਜੇ ਉਸ ਨੇ ਅਜਿਹੀ ਭੁੱਲ ਕਰ ਲਈ ਤਾਂ ਉਸ ਨੂੰ ਸਮਝਾਇਆ ਜਾਣ ਚਾਹੀਦਾ ਹੈ। ਇਹੀ ਆਸ ਉਸ ਦੇ ਪਾਪਾ ਨੂੰ ਵੀ ਹੈ ਸਾਡੇ ਤੋਂ ਅਤੇ ਨਾ ਕਿ ਅਸੀਂ ਨਾ ਕੱਟ ਦਈਏ। ਬੱਚੇ ਦਾ ਭਵਿੱਖ ਵੀ ਸਾਨੂੰ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ।"

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ ਤੇ ਕਹਾਣੀਕਾਰ ਦਾ ਨਾਮ ਲਿਖੋ।

ਅ) ਉਪਰਕੋਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਸ੍ਰੀ ਗੁਰੂ ਤੇਗ ਬਹਾਦਰ ਜੀ**

ਨੁਕਤੇ -

ਭੂਮਿਕਾ, ਜਨਮ ਤੇ ਮੁੱਢਲਾ ਜੀਵਨ, ਗੁਰਗੱਦੀ 'ਤੇ ਬੈਠਣਾ, ਗੁਰੂ ਜੀ ਪਾਸ ਕਸ਼ਮੀਰੀ ਪੰਡਤਾਂ ਦਾ ਆਉਣਾ, ਸ਼ਹੀਦੀ, ਸਾਰੰਸ਼।

ਜਾਂ

**ਇਸਤਰੀ ਸਵੈਮਾਣ**

ਨੁਕਤੇ -

ਭੂਮਿਕਾ, ਔਰਤ ਪ੍ਰਤੀ ਪੁਰਾਤਨ ਸੋਚ, ਔਰਤਾਂ ਦੇ ਸਤਿਕਾਰ ਦੀ ਗੱਲ, ਅਜੋਕੀ ਇਸਤਰੀ, ਔਰਤਾਂ ਲਈ ਕਾਨੂੰਨ, ਮਾਦਾ ਭਰੂਣ ਹੱਤਿਆ, ਦਾਜ ਵਰਗੀਆਂ ਲਾਹਨਤਾਂ, ਧੀਆਂ ਦੀ ਲੋਹੜੀ, ਔਰਤਾਂ ਦਾ ਵੱਧ ਰਿਹਾ ਸਵੈਮਾਨ, ਸਾਰੰਸ਼।

4) ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ। ਆਪਣੇ ਇਲਾਕੇ ਦੇ ਥਾਣੇ ਵਿੱਚ ਸਾਈਕਲ ਚੋਰੀ ਹੋਣ ਦੀ ਰਿਪੋਰਟ ਲਿਖਵਾਉ।

ਜਾਂ

ਆਪਣੇ ਚਾਚਾ ਜੀ ਨੂੰ ਪੱਤਰ ਲਿਖੋ, ਜਿਸ ਵਿੱਚ ਉਨ੍ਹਾਂ ਨੇ ਤੁਹਾਡੇ ਜਨਮ - ਦਿਨ ਤੇ ਜੋ ਤੋਹਫਾ ਭੇਜਿਆ ਸੀ, ਉਸ ਦਾ ਧੰਨਵਾਦ ਕਰੋ। (7)

A-4

Scanned by Scanner Go

**BUDHA DAL PUBLIC SCHOOL PATIALA**
**First Term Examination (15 September 2023)**
Class - VIII
Paper - Punjabi
Set - B

Time: 3 hrs. MM: 80

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਆਮ ਸਧਾਰਨ ਹਾਲਤ ਵਿੱਚ ਜਦੋਂ ਕੋਈ ਪਰਮਾਤਮਾ ਨੂੰ ਯਾਦ ਕਰਦਾ ਹੈ ਤਾਂ ਉਹ ਉਸਦੇ ਹਿਰਦੇ ਵਿੱਚੋਂ ਮਿਲਦਾ ਹੈ, ਉਸਨੂੰ ਉਹ ਕਿਸੇ ਤਰ੍ਹਾਂ ਵੀ ਆਚਰਨ ਵੱਖੋਂ ਗਿਰਨ ਨਹੀਂ ਦਿੰਦਾ। ਹਰ ਔਖੇ ਮੌਕੇ ਤੇ ਉਸਦੀ ਰਾਖੀ ਕਰਦਾ ਹੈ, ਉਸਦੇ ਨਾਲ ਰਹਿੰਦਾ ਹੈ। ਸਾਡੇ ਜੀਵਨ ਵਿੱਚ ਸਭ ਤੋਂ ਔਖੇ ਮੌਕੇ ਉਹ ਹੁੰਦੇ ਹਨ, ਜਦੋਂ ਅਸੀਂ ਆਚਰਨ ਕਰਕੇ ਗਿਰਨ ਲੱਗਦੇ ਹਾਂ। ਪਰਮਾਤਮਾ ਦਾ ਸਿਮਰਨ ਐਸੀਆਂ ਔਖੀਆਂ ਘੜੀਆਂ ਤੋਂ ਸਾਡੀ ਰਾਖੀ ਕਰਦਾ ਹੈ। ਉਹ ਸਾਨੂੰ ਸ਼ਕਤੀ ਦਿੰਦਾ ਹੈ। ਫਿਰ ਅਸੀਂ ਕ੍ਰੋਧ ਨੂੰ, ਲਾਲਚ ਨੂੰ, ਬੁਰਾਈ ਨੂੰ ਤਿਆਗ ਦਿੰਦੇ ਹਾਂ। ਅਸੀਂ ਨਿਮਰ ਹੋ ਜਾਂਦੇ ਹਾਂ। ਭਗਤੀ ਦਾ ਫਲ ਸ਼ਕਤੀ ਹੈ ਤੇ ਸ਼ਕਤੀ ਮਨੁੱਖਤਾ ਅਤੇ ਸਮਾਜ ਲਈ ਕਲਿਆਣਕਾਰੀ ਹੁੰਦੀ ਹੈ। ਇਹ ਆਤਮਕ ਸ਼ਕਤੀ ਹੁੰਦੀ ਹੈ। ਇਹੋ ਸਾਨੂੰ ਨੇਕ ਮਨੁੱਖ ਬਣਾਉਂਦੀ ਹੈ ਤੇ ਬੁਰੇ ਕੰਮਾਂ ਤੋਂ ਰੋਕਦੀ ਹੈ। ਪਰਮਾਤਮਾ ਤੋਂ ਵੱਡਾ ਹੋਰ ਕੁਝ ਵੀ ਨਹੀਂ। ਉਸਦਾ ਆਸਰਾ ਲੈਣ ਵਾਲੇ ਕਦੇ ਵੀ ਨਹੀਂ ਡੋਲਦੇ।

ੳ) ਪਰਮਾਤਮਾ ਕਿੱਥੋਂ ਮਿਲਦਾ ਹੈ?
ਅ) ਪਰਮਾਤਮਾ ਮਨੁੱਖ ਨੂੰ ਕਿਹੜੇ ਪੱਖੋਂ ਡਿੱਗਣ ਨਹੀਂ ਦਿੰਦਾ।
ੲ) ਕਿਸ ਦਾ ਸਿਮਰਨ ਸਾਡੀ ਔਖੀਆਂ ਘੜੀਆਂ ਤੋਂ ਰਾਖੀ ਕਰਦਾ ਹੈ?
ਸ) ਆਤਮਕ ਸ਼ਕਤੀ ਸਾਨੂੰ ਕੀ ਬਣਾਉਂਦੀ ਹੈ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ। (3)



B-1

Scanned by Scanner Go

## ਵਿਆਕਰਨ

1) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ: (1×2=2)

ੳ) ਉਚਾ ਸਾਹ ਨਾ ਕੱਢਣਾ

ਅ) ਹੱਥ ਵਟਾਉਣਾ

2) ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ: (1×2=2)

ੳ) ਉਲਟਾ ਚੋਰ ਕੋਤਵਾਲ ਨੂੰ ਡਾਂਟੇ

ਅ) ਆਪ ਕੁਚੱਜੀ ਵਿਹੜੇ ਨੂੰ ਦੋਸ਼

3) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (½×4=2)

ਲੁਟੇਰਾ, ਸੰਪਾਦਕ, ਤਰਖਾਣ, ਬਾਦਸ਼ਾਹ

4) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (½×4=2)

ਸਭਾ, ਸਾਥੀ, ਤਸਵੀਰ, ਨਹੁੰ

5) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (1×2=2)

ਸਬ, ਅ

6) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (1×2=2)

ਆਲਾ, ਸ਼ਾਲਾ

7) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (1×2=2)

ੳ) ਜਿਸ ਵਿੱਚ ਸਭ ਸ਼ਕਤੀਆਂ ਮੌਜੂਦ ਹੋਣ।

ਅ) ਵਿਆਜ ਤੇ ਰੁਪਏ ਦੇਣ ਵਾਲਾ

8) ਹੇਠ ਲਿਖੇ ਸਮਾਨਾਰਥਕ ਸ਼ਬਦਾਂ ਦੇ ਦੋ - ਦੋ ਸ਼ਬਦ ਬਣਾਉ: (1×2=2)

ਉਜਾਲਾ, ਅੱਖ

9) ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ ਵਾਕ ਬਣਾਉ: (1×2=2)

ਹਾਰ

10) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (½×4=2)

ਸਮਯ, ਗਾਉਨਾ, ਗੈਹਣਾ, ਸੱਤਮਾ

11) ਹੇਠ ਲਿਖੇ ਵਾਕ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1)

ਅਧਿਆਪਕ ਨੇ ਕਿਹਾ ਬੱਚਿਓ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ

12) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਸ਼ਬਦ ਚੁਣ ਕੇ ਉਸ ਦੀ ਕਿਸਮ ਲਿਖੋ: (1)

ਕਾਂ ਉੱਡ ਰਿਹਾ ਹੈ।

13) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਰਾਮ ਸਵੇਰੇ - ਸਵੇਰੇ ਸੈਰ ਕਰਨ ਜਾਂਦਾ ਹੈ।

14) ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (1)

ਉਏ ਕਾਕਾ ! ਰੌਲਾ ਨਾ ਪਾ।



Scanned by Scanner Go

## ਪਾਠ ਪੁਸਤਕਾਂ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਪੰਜ):** (1×5=5)

ੳ) ਮਾਂ-ਬੋਲੀ ਬੋਲਣ ਲੱਗਿਆ ਜੀਭ ਉੱਤੇ ਕਿਹੋ ਜਿਹਾ ਸਵਾਦ ਆਉਂਦਾ ਹੈ?

ਅ) ਨਿਰਮਲ ਆਪਣੇ ਦੋਸਤਾਂ ਨਾਲ ਕਿੱਥੇ ਮਸਤੀਆਂ ਕਰਦਾ ਸੀ?

ੲ) ਭਾਰਤ ਵਿੱਚ ਪੱਗ ਕਦੋਂ ਤੋਂ ਬੱਝਦੀ ਆ ਰਹੀ ਹੈ?

ਸ) ਪੰਜਾਬ ਦੀ ਮੁੱਖ ਪਹਿਚਾਣ ਕੀ ਬਣੀ ਹੈ?

ਹ) ਪਹਿਲਵਾਨ ਨੇ ਕਿਸ ਨੂੰ ਧਰਮ ਦੀ ਭੈਣ ਬਣਾਇਆ?

ਕ) ਸਾਰਾਗੜ੍ਹੀ ਦੀ ਲੜਾਈ ਨੂੰ ਵਿਸ਼ਵ ਦੀਆਂ ਪਹਿਲੀਆਂ ਕਿੰਨੀਆਂ ਲੜਾਈਆਂ ਵਿੱਚ ਸ਼ਾਮਲ ਕੀਤਾ ਗਿਆ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 - 6 ਸਤਰਾਂ ਵਿੱਚ ਦਿਉ: (ਕੋਈ ਪੰਜ)** (6×3=18)

ੳ) ਤਾਈ ਭਜਨੀ ਕਿਹੋ ਜਿਹੀ ਔਰਤ ਸੀ?

ਅ) ਮਿਸਰ ਵਿੱਚ ਪੱਗ ਪ੍ਰਤੀ ਕਿਸ ਤਰ੍ਹਾਂ ਦਾ ਰਿਵਾਜ ਰਿਹਾ ਹੈ?

ੲ) ਮੰਗਲ ਸਿੰਘ ਪਹਿਲਵਾਨ ਕੌਣ ਸੀ?

ਸ) ਸਾਰਾਗੜ੍ਹੀ ਦੀ ਲੜਾਈ ਸਮੇਂ ਕੋਈ ਸੁਨੇਹਾ ਭੇਜਣ ਲਈ ਕਿਸ ਵਿਧੀ ਦਾ ਇਸਤੇਮਾਲ ਹੁੰਦਾ ਹੈ?

ਹ) 'ਸਾਨੂੰ ਪੰਜਾਬ ਪਿਆਰਾ ਏ' ਕਵਿਤਾ ਵਿਚਲੇ ਭਾਵਾਂ ਨੇ ਪੰਜਾਬ ਦੀ ਧਰਤੀ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਬਿਆਨੀਆਂ ਹਨ?

ਕ) ਪੰਜਾਬੀ ਸਮਾਜ ਵਿੱਚ ਪੱਗ ਨੂੰ ਕੀ ਸਤਿਕਾਰ ਪ੍ਰਾਪਤ ਹੈ?

ਖ) ਨਿਰਮਲ ਕਿਹੋ ਜਿਹੀਆਂ ਗਲਤ ਆਦਤਾਂ ਦਾ ਸ਼ਿਕਾਰ ਸੀ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** (4×1=4)

ਸਤਿਕਾਰ, ਵਿਸ਼ਵਾਸ, ਭੁੰਜੇ, ਨਕਸ਼ਾ

**4) ਖਾਲੀ ਥਾਵਾਂ ਭਰੋ:** (2×1=2)

ੳ) ਭਾਰਤੀ ਸੈਨਾ ਦੀ ............ ਰਜਮੈਂਟ 12 ਸਤੰਬਰ ਨੂੰ ਸਾਰਾਗੜ੍ਹੀ ਦਿਵਸ ਮਨਾਉਂਦੀ ਹੈ।

ਅ) ਨਿਰਮਲ ਦੀ ਮਾਂ ............. ਦੇ ਲਈ ਰੌਲਾ ਪਾਉਂਦੀ ਰਹਿ ਜਾਂਦੀ।

**5) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (2×1=2)

ਮਾਂ-ਬੋਲੀ ਦੇ ਸਦਕਾ ਨੇ ਬਣੇ,
ਬੱਚਿਉ ਵੱਡੇ - ਵੱਡੇ ਵਿਦਵਾਨ।
ਮਾਂ-ਬੋਲੀ ਦੇ ਸ਼ਬਦ ਨੇ ਸੁਹਣੇ,
ਵਿਚਾਰਾਂ ਵਿੱਚ ਪਾਉਂਦੇ ਜਾਨ।

ੳ) ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) ਮਾਂ - ਬੋਲੀ ਦੇ ਕਾਰਨ ਲੋਕ ਕੀ - ਕੀ ਬਣੇ ਹਨ?



Scanned by Scanner Go

6) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ: (2×1=2)

"ਮਿਹਨਤ ਅਤੇ ਹਿੰਮਤ ਨਾਲ ਵੱਡੀਆਂ - ਵੱਡੀਆਂ ਮੱਲਾਂ ਮਾਰੀਆਂ ਜਾ ਸਕਦੀਆਂ ਹਨ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਤੇ ਅਮਰੀਕਾ ਦੇ ਰਾਸ਼ਟਰਪਤੀ ਇਬਰਾਹਿਮ ਲਿੰਕਨ ਦਾ ਨਾਂ ਤਾਂ ਜਾਣਦੇ ਹੀ ਹੋ।"

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ ਤੇ ਕਹਾਣੀਕਾਰ ਦਾ ਨਾਮ ਲਿਖੋ।

ਅ) ਉਪਰਕੋਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਅਖ਼ਬਾਰਾਂ ਦੇ ਲਾਭ-ਹਾਨੀਆਂ**

ਨੁਕਤੇ -

ਭੂਮਿਕਾ, ਅਖ਼ਬਾਰਾਂ ਦੀਆਂ ਕਿਸਮਾਂ, ਮਹੱਤਵਪੂਰਨ ਜਾਣਕਾਰੀ, ਵਪਾਰਕ ਲਾਭ, ਪ੍ਰਚਾਰ ਦਾ ਸਾਧਨ, ਮਨੋਰੰਜਨ ਦਾ ਸਾਧਨ, ਰੁਜ਼ਗਾਰ ਦਾ ਸਾਧਨ, ਗਿਆਨ ਦਾ ਭੰਡਾਰ, ਰੱਦੀ ਵੇਚਣਾ, ਹਾਨੀਆਂ - ਭੜਕਾਊ ਵਿਚਾਰ, ਅਸ਼ਲੀਲਤਾ, ਸਾਰੰਸ਼।

ਜਾਂ

**ਮਨਿ ਜੀਤੈ ਜਗੁ ਜੀਤ**

ਨੁਕਤੇ -

ਭੂਮਿਕਾ, ਮਨ ਤੋਂ ਭਾਵ, ਜਨਮ ਤੋਂ ਸੁੱਖ ਦੀ ਇੱਛਾ, ਜਗ ਨੂੰ ਮਨ ਅਨੁਕੂਲ ਕਰਨਾ, ਮਨ ਜਿੱਤਣ ਦੀ ਲੋੜ, ਮਨ ਨੂੰ ਕਿਵੇਂ ਜਿੱਤਿਆ ਜਾਵੇ, ਹਿੰਸਾ ਨਾਲ ਜੱਗ ਨਹੀਂ ਜਿੱਤਿਆ ਜਾਂਦਾ, ਮਨ ਦੀ ਜਿੱਤ ਮੁਸ਼ਕਲ ਘਾਟੀ, ਮਨ ਦੇ ਜੇਤੂ, ਸਾਰੰਸ਼।

4) ਆਪਣੇ ਮਿੱਤਰ/ ਸਹੇਲੀ ਨੂੰ ਚਿੱਠੀ ਲਿਖੋ ਕਿ ਉਹ ਪੜ੍ਹਾਈ ਅਤੇ ਖੇਡਾਂ ਵਿੱਚ ਬਰਾਬਰ ਦਿਲਚਸਪੀ ਲਵੇ। (7)

ਜਾਂ

ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ। ਆਪਣੇ ਇਲਾਕੇ ਦੇ ਥਾਣੇ ਵਿੱਚ ਸਾਈਕਲ ਚੋਰੀ ਹੋਣ ਦੀ ਰਿਪੋਰਟ ਲਿਖਵਾਉ।



Scanned by Scanner Go